www.prepp.in

Prepp
Your Personal Exams Guide

**SET-4**

**Series GBM**

**Code No. 4**

Candidates must write the Code on the title page of the answer-book.

Roll No. | | | | | | | |

- Please check that this question paper contains **7** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **16** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਪੰਜਾਬੀ

# PUNJABI

*ਸਮਾਂ ਸੀਮਾਂ : 3 ਘੰਟੇ* *ਪੂਰਨ ਅੰਕ : 100*

*Time allowed : 3 hours* *Maximum Marks : 100*

**1.** ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ : *2×5=10*

ਜਿਹੜੇ ਮਨੁੱਖ ਸਮਾਜਕ ਨਿਯਮ-ਕਾਨੂੰਨਾਂ ਅਤੇ ਧਾਰਮਿਕ ਉਦੇਸ਼ਾਂ ਪ੍ਰਤੀ ਵਚਨਬੱਧ ਹੁੰਦੇ ਹਨ ਉਨ੍ਹਾਂ ਦੇ ਮਨ ਵਿੱਚ ਨਿਰਮਲਤਾ ਅਤੇ ਕੋਮਲਤਾ ਦੇ ਗੁਣਾਂ ਦਾ ਵਿਕਾਸ ਹੁੰਦਾ ਹੈ, ਜਿਸ ਵਿਚੋਂ ਦਇਆ ਦਾ ਸਦਗੁਣ ਵਿਕਾਸ ਹੁੰਦਾ ਹੈ । ਦੂਜੇ ਜੀਆਂ ਪ੍ਰਤੀ ਪੈਦਾ ਹੋਈ

ਦਇਆ ਭਾਵਨਾ ਮਨੁੱਖ ਨੂੰ ਮਨੁੱਖ ਨਾਲ ਜੋੜਦੀ ਹੈ ਅਤੇ ਉਸ ਨੂੰ ਪ੍ਰਭੂ ਦੇ ਨੇੜੇ ਲੈ ਜਾਂਦੀ ਹੈ । ਗੁਰੂ ਨਾਨਕ ਦਇਆ ਭਾਵਨਾ ਦੇ ਵਿਕਾਸ ਨੂੰ ਸਚਿਆਰ ਦੇ ਪੰਥ ਨਾਲ ਜੋੜਦੇ ਹਨ । ਦਾਨ ਦਾ ਉਦੇਸ਼ ਆਪਣੀ ਕਮਾਈ ਵਿਚੋਂ ਗਰੀਬਾਂ ਅਤੇ ਲੋੜ-ਵੰਦਾਂ ਦੀ ਸਹਾਇਤਾ ਕਰਕੇ ਆਪਣੇ ਮਨ ਨੂੰ ਸਾਫ ਕਰਨਾ ਹੁੰਦਾ ਹੈ । ਇਸ ਲਈ ਦਾਨ ਕਰਨ ਵਾਲੇ ਦੇ ਮਨ ਵਿਚ ਨਿਰਮਲਤਾ ਅਤੇ ਸੰਜਮ ਦੀ ਭਾਵਨਾ ਹੋਣੀ ਚਾਹੀਦੀ ਹੈ, ਜਿਸ ਨਾਲ ਦਾਨ ਲੈਣ ਵਾਲੇ ਵਿਅਕਤੀ ਦੇ ਮਨ ਵਿੱਚ ਹੀਨ ਭਾਵਨਾ ਪੈਦਾ ਨਾ ਹੋਏ । ਸਿੱਖ ਧਰਮ ਵਿਚ ਲੰਗਰ ਦੀ ਪਰੰਪਰਾ ਨੂੰ ਵੀ ਇਸੇ ਦਾ ਵਿਸਤਾਰ ਰੂਪ ਮੰਨਿਆ ਜਾ ਸਕਦਾ ਹੈ ।

(i) ਨਿਰਮਲਤਾ ਅਤੇ ਕੋਮਲਤਾ ਦੇ ਗੁਣਾ ਦਾ ਵਿਕਾਸ ਕਿਨ੍ਹਾਂ ਦੇ ਮਨ ਵਿਚ ਹੁੰਦਾ ਹੈ ?

(ii) ਮਨੁੱਖ ਨੂੰ ਮਨੁੱਖ ਨਾਲ ਕਿਹੜੀ ਭਾਵਨਾ ਜੋੜਦੀ ਹੈ ?

(iii) ਗੁਰੂ ਨਾਨਕ ਦੇਵ ਜੀ ਸਚਿਆਰ ਨੂੰ ਕਿਸ ਭਾਵ ਨਾਲ ਜੋੜਦੇ ਹਨ ?

(iv) ਦਾਨ ਦਾ ਉਦੇਸ਼ ਕੀ ਹੈ ?

(v) ਦਾਨ ਲੈਣ ਵਾਲੇ ਦੇ ਮਨ ਵਿਚ ਹੀਨ ਭਾਵਨਾ ਪੈਦਾ ਨਾ ਹੋਵੇ, ਇਸ ਲਈ ਕੀ ਕੀਤਾ ਜਾਵੇ ?

**2.** ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ***ਇੱਕ*** ਉਪੱਰ 200 ਸ਼ਬਦਾਂ ਦਾ ਲੇਖ ਲਿਖੋ : *10*

(i) ਦੇਸ ਭਗਤੀ

(ii) ਧਰਮ ਨਿਰਪੇਖਤਾ

(iii) ਸਫ਼ਾਈ ਦਾ ਮਹਤੱਵ

(iv) ਅਸਹਿਣਸ਼ੀਲਤਾ

**3.** 'ਈ-ਮੇਲ' ਭੇਜਣ ਦੀ ਵਿਧੀ ਬਾਰੇ 100 ਸ਼ਬਦਾਂ ਵਿੱਚ ਜਾਣਕਾਰੀ ਦਿਓ । *7*

**ਜਾਂ**

ਤੁਹਾਨੂੰ ਆਪਣੇ ਦਫ਼ਤਰ ਲਈ ਕੰਪਿਊਟਰ ਓਪਰੇਟਰ ਦੀ ਲੋੜ ਹੈ – ਇਸ ਬਾਰੇ ਅਖ਼ਬਾਰ ਲਈ ਇੱਕ 100 ਸ਼ਬਦਾਂ ਦਾ ਇਸ਼ਤਿਹਾਰ ਤਿਆਰ ਕਰੋ ।

**4.** ਸਿਆਸੀ ਵਿਰਾਸਤ ਬਾਰੇ ਆਪਣੇ ਵਿਚਾਰ ਅਖ਼ਬਾਰ ਦੇ ਸੰਪਾਦਕ ਨੂੰ ਲਿਖੋ । *8*

**ਜਾਂ**

ਦਲਿਤਾਂ ਦੇ ਉਥਾਨ ਬਾਰੇ ਆਪਣੇ ਵਿਚਾਰ ਪੇਸ਼ ਕਰਦੀ ਇਕ ਚਿੱਠੀ ਅਖ਼ਬਾਰ ਦੇ ਸੰਪਾਦਕ ਨੂੰ ਲਿਖੋ ।

Prepp
Your Personal Exams Guide

**5.** ਹੇਠ ਲਿਖੇ ਮੁਹਾਵਰਿਆਂ ਵਿਚੋਂ ***ਤਿੰਨ*** ਦੇ ਅਰਥ ਸਪਸ਼ਟ ਕਰਦੇ ਹੋਏ ਵਾਕ ਬਣਾਓ : *3*

(i) ਲੋਹਾ ਲਾਖਾ ਹੋਣਾ

(ii) ਟੰਗ ਅੜਾਉਣੀ

(iii) ਡੰਗ ਟਪਾਉਣਾ

(iv) ਟੁੱਟ ਕੇ ਪੈਣਾ

(v) ਢੋ ਢੁਕਣਾ

**6.** (i) ਹੇਠ ਲਿਖਿਆਂ ਵਿੱਚੋਂ ਸ਼ੁੱਧ ਸ਼ਬਦ-ਜੋੜ ਚੁਣੋ : *2*

(1) (ੳ) ਅਸਹ

(ਅ) ਅਸਹਿ

(2) (ੳ) ਵਿਹਲੜ

(ਅ) ਵ੍ਹੇਲੜ

(ii) ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ : *2*

(ੳ) ਕੋਲੀ

(ਅ) ਬਾਧੂ

(iii) ਸ਼ਬਦ ਜੋੜਾਂ ਦੇ ਨੇਮਾਂ ਨੂੰ ਧਿਆਨ ਵਿਚ ਰਖਦੇ ਹੋਏ ਦੱਸੋ ਕਿ ਹੇਠ ਲਿਖੇ ਵਾਕਾਂ ਵਿਚਲੇ ਲਕੀਰੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦ ਵਰਤਿਆ ਜਾਵੇਗਾ । *2*

(ੳ) 15 ਮਈ ਨੂੰ ਸੁਖਬੀਰ ਦਾ ਮਿੱਤਰ ਆਏਆ/ਆਇਆ ।

(ਅ) ਨਰਿੰਦਰ ਬਹੁਤ ਸੁਲਜਿਆ/ਸੁਲਝਿਆ ਬੰਦਾ ਹੈ ।

**7.** ਹੇਠ ਲਿਖੀ ਵਾਰਤਾ ਵਿੱਚ ਵਿਸਰਾਮ ਚਿੰਨ੍ਹ ਲਗਾਓ : *3*

ਉਹ ਸਹੀ ਸਥਾਨ ਤੇ ਪਹੁੰਚ ਤੇ ਗਿਆ ਪਰ ਲੇਟ ਸੀ ਇਸ ਕਰਕੇ ਰਾਮ ਨਾਲ ਉਸਦੀ ਮੁਲਾਕਾਤ ਨਹੀਂ ਹੋ ਸਕੀ

Prepp Your Personal Exam Guide

**8.** ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ : *3*

(i) ਸੱਪ ਨੇ ਕੱਟ ਲਿਆ ਉਸਨੂੰ ।

(ii) ਕਮਾਲ ਹੋ ਗਿਆ ! ਵਾਹ !

(iii) ਮੀਂਹ ਬੰਦ ਹੋ ਗਿਆ ਜੇ ਮੈਂ ਸੈਰ ਕਰਨ ਜਾਵਾਂਗਾ ਤਾਂ

**9.** ਹੇਠ ਦਿੱਤੀਆਂ ਕਾਵਿ ਟੁਕੜੀਆਂ ਵਿੱਚੋਂ ਕਿਸੇ ***ਇੱਕ*** ਦੇ ਅੰਤ ਵਿੱਚ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ : *8*

ਅਰਸ਼ੀ ਕਿਰਨ ਇੱਕ ਆਵਸੀ
ਲੈਸੀ ਏਸ ਲੁਕਾਇ,
ਝੋਕਾ ਮਤ ਕੁਈ ਪੌਣ ਦਾ
ਦੇਵੇ ਧਰਤ ਗਿਰਾਇ ।

(i) ਇਹ ਸਤਰਾਂ ਕਿਸ ਕਵੀ ਦੀ ਕਿਸ ਕਵਿਤਾ ਵਿੱਚੋਂ ਹਨ ?

(ii) ਅਰਸ਼ੀ ਕਿਰਨ ਕਿਸ ਨੂੰ ਲੁਕਾਇਗੀ ?

(iii) 'ਪੌਣ' ਅਤੇ 'ਝੋਕਾ' ਦੇ ਅਰਥ ਕੀ ਹਨ ?

(iv) ਇਨ੍ਹਾਂ ਸਤਰਾਂ ਵਿਚ ਕਿਸ ਸੰਸਾਰਕ ਸੱਚ ਦੇ ਰਹਸ ਨੂੰ ਪੇਸ਼ ਕੀਤਾ ਗਿਆ ਹੈ ?

**ਜਾਂ**

ਫਿਰ ਵੀ ਕੰਮ ਕਰਾਵਣ ਵਾਲੇ,
ਮਾਰ ਮਾਰ ਕੇ ਛਾਂਟਾਂ,
ਮਾਸੂਮਾਂ ਦੇ ਪਿੰਡਿਆਂ ਉੱਤੇ,
ਚਾੜ੍ਹੀ ਜਾਣ ਸਲਾਟਾਂ ।

(i) ਇਹ ਸਤਰਾਂ ਕਿਸ ਕਵੀ ਦੀ ਕਿਸ ਕਵਿਤਾ ਨਾਲ ਸੰਬੰਧਿਤ ਹਨ ?

(ii) ਇਨ੍ਹਾਂ ਸਤਰਾਂ ਵਿੱਚ ਕਿਸ ਪ੍ਰਕਾਰ ਦਾ ਦ੍ਰਿਸ਼ ਪੇਸ਼ ਕੀਤਾ ਗਿਆ ਹੈ ?

(iii) 'ਪਿੰਡਿਆਂ' ਅਤੇ 'ਸਲਾਟਾਂ' ਦੇ ਅਰਥ ਦੱਸੋ ।

(iv) ਇਥੇ 'ਮਾਸੂਆਂ' ਉਪਰ ਜ਼ੁਲਮ ਦਾ ਕੀ ਕਾਰਣ ਹੈ ?

**10.** ਕਿਸੇ ***ਇੱਕ*** ਕਾਵਿ-ਟੁਕੜੀ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : *7*

ਅਣਚਾਹਿਆ ਜੀ ਜਰਨਾ
ਨਿੱਤ ਕਿਸੇ ਦੇਹ ਵਿੱਚ
ਫੁੱਲ ਬਣ ਖਿੜਨਾ
ਨਿੱਤ ਤਾਰਾ ਬਣ ਚੜ੍ਹਨਾ
ਅਸਾਂ ਤਾਂ ਜੋਬਨ ਰੁੱਤੇ ਮਰਨਾ

**ਜਾਂ**

ਪੱਕ ਗਈਆਂ ਕਣਕਾਂ, ਲੁਕਾਠ ਰੱਸਿਆ,
ਬੂਰ ਪਿਆ ਅੰਬਾਂ ਨੂੰ, ਗੁਲਾਬ ਹੱਸਿਆ ।
ਬਾਗ਼ਾਂ ਉੱਤੇ ਰੰਗ ਫੇਰਿਆ ਬਹਾਰ ਨੇ,
ਬੇਰੀਆਂ ਲਿਫਾਈਆਂ ਟਾਹਣੀਆਂ ਦੇ ਭਾਰ ਨੇ ।

**11.** ਹੇਠ ਲਿਖੇ ਵਾਰਤਾਲਾਪ-ਅੰਸ਼ਾ ਨੂੰ ਪੜ੍ਹ ਕੇ ਕਿਸੇ ***ਇੱਕ*** ਹੇਠਲੇ ਉੱਤਰ ਲਿਖੋ : *1×3=3*

"ਸੋਨ-ਕਾਟੋ ਹੈਗੀ ਸੀ ਜਾਂ ਨਹੀਂ, ਇਸ ਬਾਰੇ ਕੁਝ ਨਹੀ ਸੀ ਕਿਹਾ ਜਾ ਸਕਦਾ । ਘੋਗੇ ਵਾਸਤੇ ਉਹ ਹੈਗੀ ਸੀ ।"

(i) ਸੋਨ-ਕਾਟੋ ਕੌਣ ਹੈ ?

(ii) ਘੋਗੇ ਵਾਸਤੇ ਸੋਨ-ਕਾਟੋ ਕਿਉਂ ਹੈ ?

(iii) ਇਸ ਵਾਰਤਾਲਾਪ ਨਾਲ ਸੰਬੰਧਿਤ ਪੁਸਤਕ ਅਤੇ ਲੇਖਕ ਦਾ ਨਾਂ ਲਿਖੋ ।

**ਜਾਂ**

"ਉਹਨਾਂ ਨੇ ਉਹਦੀ ਕਾਪੀ ਦੇਖੀ, ਖੁਸ਼ ਹੋਏ ਤੇ ਖੂਬ ਸ਼ਾਬਾਸ਼ ਦਿੱਤੀ । ਘੋਗਾ ਵੀ ਖੁਸ਼ ਹੋ ਗਿਆ ।"

(i) ਕਿਸ ਨੇ ਕਿਸ ਦੀ ਕਾਪੀ ਦੇਖੀ ?

(ii) ਘੋਗਾ ਖੁਸ਼ ਕਿਉਂ ਹੋਇਆ ?

(iii) ਘੋਗੇ ਨੂੰ ਸ਼ਾਬਾਸ਼ ਕਿਉਂ ਮਿਲੀ ?

Prepp
Your Personal Exams Guide

**12.** ਨਾਵਲ 'ਗੁਆਚਿਆ ਮੁੰਡਾ' ਪਾਠਕ ਨੂੰ ਕੀ ਸੰਦੇਸ਼ ਦਿੰਦਾ ਹੈ ? *7*

**ਜਾਂ**

ਨਾਵਲ 'ਗੁਆਚਿਆ ਮੁੰਡਾ' ਦੀ ਕਿਹੜੀ ਘਟਨਾ ਤੁਹਾਨੂੰ ਚੰਗੀ ਲੱਗੀ ਹੈ ਅਤੇ ਕਿਉਂ ?

**13.** ਕਿਸੇ ***ਇੱਕ*** ਪ੍ਰਸੰਗ ਦੇ ਆਧਾਰ ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : *5*

"ਕਿੰਨੀਆਂ ਹੀ ਰਾਤਾਂ ਹੋ ਗਈਆਂ ਸਨ, ਖੁਭ ਕੇ ਨੀਂਦਰ ਨਹੀਂ ਸੀ ਆਈ ਉਹਨੂੰ । ਰੋਜ਼ ਸਵੇਰੇ ਜਦੋਂ ਉਹ ਬਿਸਤਰੇ ਵਿੱਚੋਂ ਉਠਦੀ, ਉਹਨੂੰ ਲਗਦਾ ਮੀਲਾਂ ਦੇ ਮੀਲ ਸਾਰੀ ਰਾਤ ਉਹ ਟੁਰਦੀ ਰਹੀ ਸੀ । ਸੱਤੀਂ-ਸਵੇਰੀਂ ਜਦੋਂ ਲੋਕ ਹੌਲੇ ਫੁਲ ਹੋ ਕੇ ਜਾਗਦੇ ਹਨ, ਉਹ ਮਣਾਂ-ਮੂੰਹੀ ਥਕਾਵਟ ਨਾਲ ਲੱਦੀ ਹੋਈ ਜਾਗਦੀ ।"

(i) ਇਹ ਟੂਕ ਕਿਸ ਕਹਾਣੀ ਵਿਚੋਂ ਲਈ ਗਈ ਹੈ ?

(ii) ਉਸ ਨੂੰ ਕਿੰਨੀਆਂ ਹੀ ਰਾਤਾਂ ਤੋਂ ਨੀਂਦ ਕਿਉਂ ਨਹੀ ਸੀ ਆ ਰਹੀ ?

(iii) 'ਖੁਭ ਕੇ ਨੀਂਦਰ ਨਹੀ ਸੀ ਆਈ' ਤੋਂ ਕੀ ਭਾਵ ਹੈ ?

(iv) 'ਮਣਾਂ-ਮੂੰਹੀ' ਦੇ ਕੀ ਅਰਥ ਹਨ ?

(v) ਉਹ 'ਥਕਾਵਟ ਨਾਲ ਲੱਦੀ' ਕਿਉਂ ਜਾਗਦੀ ਸੀ ?

**ਜਾਂ**

"ਏਸ ਵੇਲੇ ਆਯਾ ਚੰਡੀ ਦਾ ਰੂਪ ਧਾਰੀ ਫਿਰਦੀ ਸੀ । ਉਸਨੇ ਪੈਸੇ ਨਾ ਵਾਪਸ ਕਰਨ ਦਾ ਫੈਸਲਾ ਕਰ ਲਿਆ ਸੀ । ਸ਼ਾਇਦ ਇਸ ਲਈ ਕਿ ਮਿੱਸ ਸੌਫਟ ਕਰ ਵੀ ਕੀ ਸਕਦੀ ਸੀ ? ਉਂਜ ਵੀ ਦੋ ਸੌ ਰੁਪਏ ਉਸ ਲਈ ਕੋਈ ਏਡੀ ਵੱਡੀ ਰਕਮ ਨਹੀ ਸੀ ..."

(i) 'ਚੰਡੀ ਦਾ ਰੂਪ' ਕੀ ਹੁੰਦਾ ਹੈ ?

(ii) ਉਸਨੇ ਪੈਸੇ ਕਿਉਂ ਦੇਣੇ ਸੀ ?

(iii) 'ਮਿੱਸ ਸੌਫਟ' ਕੌਣ ਹੈ ?

(iv) ਮਿੱਸ ਸੌਫਟ ਲਈ ਦੋ ਸੌ ਰੁਪਏ ਵੱਡੀ ਰਕਮ ਕਿਉਂ ਨਹੀ ?

(v) ਇਸ ਕਹਾਣੀ ਦਾ ਲੇਖਕ ਕੌਣ ਹੈ ?

**14.** 'ਸਵੇਰ ਹੋਣ ਤੱਕ' ਕਹਾਣੀ ਵਿਚ ਕਿਸਾਨ ਪਰਿਵਾਰ ਦੀਆਂ ਕਿਹੜੀਆਂ ਸਮੱਸਿਆਵਾਂ ਨੂੰ ਉਭਾਰਿਆ ਗਿਆ ਹੈ ? *5*

**ਜਾਂ**

'ਤਿੰਨ ਦਿਨ ਦਾ ਬੇਈਮਾਨ' ਕਹਾਣੀ ਦਾ ਨਾਇਕ ਕਿਸ ਮਾਨਸਿਕ ਦੁਬਿਧਾ ਦਾ ਸ਼ਿਕਾਰ ਹੈ ਅਤੇ ਉਸ 'ਚੋਂ ਬਾਹਰ ਕਿਵੇਂ ਨਿਕਲਦਾ ਹੈ ?

**15.** ਸੂਫ਼ੀ ਕਾਵਿ ਦੀ ਵਿਚਾਰਧਾਰਾ ਬਾਰੇ ਆਪਣਾ ਵਿਚਾਰ 150 – 200 ਸ਼ਬਦਾਂ ਵਿੱਚ ਪੇਸ਼ ਕਰੋ । *10*

**ਜਾਂ**

ਪੰਜਾਬੀ ਸਾਹਿਤ ਵਿਚ ਗੁਰਮਤਿ ਕਾਵਿ ਧਾਰਾ ਦੀ ਵਿਸ਼ੇਸ਼ਤਾ ਬਾਰੇ 150 – 200 ਸ਼ਬਦਾਂ ਵਿੱਚ ਵਿਚਾਰ ਕਰੋ ।

**16.** "ਤੇਰੀ ਕੋਈ ਮਦਦ ਕਿਉਂ ਕਰੇ ਜਦੋਂ ਕਿ ਤੂੰ ਆਪ ਆਪਣੀ ਮਦਦ ਨਹੀਂ ਕਰਦਾ ।" ਇਨ੍ਹਾਂ ਸਤਰਾਂ ਤੋਂ ਪਤਾ ਲਗਦਾ ਹੈ ਕਿ ਮਨੁੱਖ ਨੂੰ ਪਹਿਲਾਂ ਆਪਣੀ ਮਦਦ ਆਪ ਕਰਨੀ ਚਾਹੀਦੀ ਹੈ – ਤੁਸੀਂ ਇਸ ਬਾਰੇ ਆਪਣੇ ਵਿਚਾਰ 100 – 125 ਸ਼ਬਦਾਂ ਵਿੱਚ ਲਿਖੋ । *5*

Prepp Your Personal Exam Guide